
# 2024 ਵਰ੍ਹੇ ਦੌਰਾਨ ਛਪੀਆਂ ਨਾਟ-ਪੁਸਤਕਾਂ: ਪੰਛੀ ਝਾਤ



ਸਮੀਖਿਅਕ
ਸੰਜੀਵਨ ਸਿੰਘ
+91 94174-60656

ਪਹਿਲੀ ਗੱਲ ਤਾਂ ਨਾਟਕ ਲਿਖੇ ਹੀ ਘੱਟ ਜਾਂਦੇ ਹਨ। ਜੇ ਲਿਖੇ ਵੀ ਗਏ ਹੋਣ ਤਾਂ ਮੰਚ ਕਿਸੇ-ਕਿਸੇ ਨੂੰ ਹੀ ਨਸੀਬ ਹੁੰਦਾ ਹੈ। ਜੇ ਮੰਚ ਵੀ ਨਸੀਬ ਹੋ ਜਾਵੇ ਤਾਂ ਕਿਤਾਬੀ ਸ਼ਕਲ ਘੱਟ ਹੀ ਅਖ਼ਤਿਆਰ ਕਰਦੇ ਹਨ। ਨਾਟਕ ਦੀਆਂ ਪੁਸਤਕਾਂ ਘੱਟ ਛਪਣ ਦਾ ਇਕ ਕਾਰਨ ਹੈ, ਨਾਟਕ ਦੇ ਪਾਠਕ ਘੱਟ, ਦਰਸ਼ਕ ਵੱਧ ਹੁੰਦੇ ਹਨ। ਨਾਟਕ ਨੂੰ ਪੜ੍ਹਣ ਨਾਲੋਂ ਦੇਖਣਾ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਇੱਥੋਂ ਤੱਕ ਕਿ ਨਾਟਕ ਵਿਚ ਕੰਮ ਕਰਨ ਵਾਲੇ ਰੰਗਕਰਮੀ ਵੀ ਸਾਰਾ ਨਾਟਕ ਪੜ੍ਹਨ ਦੀ ਖੇਚਲ ਘੱਟ ਹੀ ਕਰਦੇ ਹਨ। ਨਾਟਕ ਦਾ ਨਿਰਦੇਸ਼ਕ ਵੀ ਨਾਟਕ ਦੀ ਕਿਤਾਬ ਦੀ ਇਕ ਕਾਪੀ ਖ਼ਰੀਦ ਕੇ /ਪ੍ਰਾਪਤ ਕਰਕੇ ਅੱਗੋਂ ਉਸ ਦੀ ਫੋਟੋ ਕਾਪੀਆਂ ਕਰਵਾ ਦੇ ਨਾਟਕ ਵਿਚ ਵੱਖ-ਵੱਖ ਰੋਲ ਕਰ ਰਹੇ ਕਲਾਕਾਰਾਂ ਵਿਚ ਤਕਸੀਮ ਕਰ ਦਿੰਦਾ ਹੈ। ਇਹੀ ਕਾਰਣ ਹੈ, ਕਿ ਸਾਹਿਤ ਦੀ ਕਿਸੇ ਵੀ ਹੋਰ ਵਿਧਾ ਨਾਲੋਂ ਨਾਟਕ ਦੀਆਂ ਕਿਤਾਬਾਂ ਸਾਲ ਵਿਚ ਅੱਧੀ ਦਰਜਨ, ਵੱਧ ਤੋਂ ਵੱਧ ਦਰਜਨ ਦੇ ਕਰੀਬ ਹੀ ਛਪਦੀਆਂ ਹਨ। ਢਾਈ ਦਰਜਨ ਦੇ ਕਰੀਬ ਪੰਜਾਬ ਦੇ, ਦਰਜਨ ਦੇ ਕਰੀਬ ਕੈਨੇਡਾ ਦੇ ਨਾਟ-ਕਰਮੀਆਂ ਅਤੇ ਅੱਧੀ ਦਰਜਨ ਦੇ ਕਰੀਬ ਪ੍ਰਕਾਸ਼ਕਾਂ ਨਾਲ ਸੰਪਰਕ ਕਰਨ 'ਤੇ ਸਾਲ 2024 ਵਿਚ ਅੱਧੀ ਦਰਜਨ ਨਾਟ-ਪੁਸਤਕਾਂ ਛਪਣ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ।





ਚੇਤਨਾ ਪ੍ਰਕਾਸ਼ਨ
ਲੁਧਿਆਣਾ
ਕੀਮਤ:-225
ਸਫ਼ੇ:- 136

ਨਾਟਕ ਸਾਹਿਤ ਦੀਆਂ ਹੋਰ ਵਿਧਾਵਾਂ ਕਹਾਣੀ, ਨਾਵਲ, ਕਵਿਤਾ, ਵਾਰਤਕ ਨਾਲੋਂ ਇਸ ਕਰਕੇ ਵੀ ਵੱਖ ਹੈ, ਕਿਉਂਕਿ ਕਹਾਣੀਕਾਰ, ਨਾਵਲਕਾਰ, ਕਵੀ, ਵਾਰਤਕਾਰ ਆਪਣੀ ਲਿਖਤ ਲਿਖਕੇ, ਕਿਸੇ ਅਖਬਾਰ/ਰਸਾਲੇ ਵਿਚ ਛਪਵਾਂ ਕੇ, ਕਿਸੇ ਸਾਹਿਤਕ ਇਕੱਠ ਵਿਚ ਪੜ੍ਹ ਕੇ, ਆਪਣੀ ਲਿਖਤਾਂ ਨੂੰ ਕਿਤਾਬ ਦੀ ਸ਼ਕਲ ਵਿਚ ਅਲੋਚਕਾਂ ਅਤੇ ਪਾਠਕਾਂ ਦੀ ਕਚਹਿਰੀ ਵਿੱਚ ਲੈ ਕੇ ਜਾਂਦਾ ਹੈ।




ਚੇਤਨਾ ਪ੍ਰਕਾਸ਼ਨ
ਲੁਧਿਆਣਾ
ਕੀਮਤ:-150
ਸਫ਼ੇ:- 64

ਪਰ ਨਾਟਕਕਾਰ ਪਹਿਲਾਂ ਨਾਟਕ ਲਿਖਦਾ ਹੈ, ਫੇਰ ਭਾਲ ਕਰਦਾ ਹੈ, ਕਿਸੇ ਨਿਦਰੇਸ਼ਕ ਦੀ, ਜੋ ਅਕਸਰ ਹੀ ਪੂਰੀ ਨਾ ਹੋਣ ਕਰਕੇ ਨਾਟਕਕਾਰ ਖੁਦ ਹੀ ਨਿਰਦੇਸ਼ਕ ਵਜੋਂ ਡੇਢ-ਦੋ ਮਹੀਨੇ ਦੀਆਂ ਰਹਿਸਲਾਂ ਅਤੇ ਬਤੌਰ ਨਿਰਮਾਤਾ ਨਾਟਕ ਲਈ ਲੋੜੀਂਦੇ ਪਾਤਰਾਂ, ਅਤੇ ਹੋਰ ਵਿੱਤੀ ਸਾਧਨਾਂ ਦਾ ਇੰਤਜ਼ਾਮ ਕਰਦਾ ਹੈ ਅਤੇ ਦਰਸ਼ਕਾਂ ਦੀ ਕਚਹਿਰੀ ਵਿੱਚ ਪੇਸ਼ ਕਰਦਾ ਹੈ। ਇਕ ਦੋ ਵਾਰ ਪੇਸ਼ਕਾਰੀ ਉਪਰੰਤ ਪਬਲਿਸ਼ਰ ਦਾ ਅਹਿਸਾਨ ਲੈ ਕੇ, ਫਿਰ ਤੋਂ ਨਾਟਕ ਨੂੰ ਕਿਤਾਬ ਦੀ ਸ਼ਕਲ ਵਿੱਚ ਅਲੋਚਕਾਂ/ ਪਾਠਕਾਂ ਦੀ ਕਚਹਿਰੀ ਵਿਚ




ਚੇਤਨਾ ਪ੍ਰਕਾਸ਼ਨ
ਲੁਧਿਆਣਾ
ਕੀਮਤ:-150
ਸਫ਼ੇ:- 64

ਪੇਸ਼ ਕਰਦਾ ਹੈ।

ਇਸ ਸਾਲ ਛਪਣ ਵਾਲੀਆਂ ਨਾਟ-ਪੁਸਤਕਾਂ ਵਿਚ ਡਾ. ਸਵਰਾਜਬੀਰ ਦੇ ਨਾਟਕ 'ਇਹ ਗੱਲਾਂ ਕਦੇ ਫੇਰ ਕਰਾਂਗੇ' ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਉਨ੍ਹਾਂ ਬਾਰੇ ਪੂਰੀ ਤਰ੍ਹਾਂ ਖੁੱਲ੍ਹ ਕੇ ਗੱਲਾਂ ਨਾ ਕਰ ਸਕਣ, ਮਹਿਸੂਸ ਕੀਤੀ ਜਾ ਰਹੀ ਤਲਖ਼ੀ ਤੇ ਕੁੜੱਤਣ ਨੂੰ ਪੂਰੀ ਤਰ੍ਹਾਂ ਨਾ ਕਹਿ ਸਕਣ ਦੀ ਮਜਬੂਰੀ ਤੇ ਕਹਿਣ ਵਾਲੀ ਗੱਲ ਵਿੱਚ ਕੁੱਝ ਨੂੰ ਅਣਕਿਹਾ ਰਹਿ ਜਾਣ ਦੇ ਵਰਤਾਰੇ ਦਾ ਬਿੰਬਕ-ਰੂਪਕ ਹੈ, ਮਹਿਸੂਸ ਕੀਤੇ ਜਾ ਰਹੇ ਸੱਚ ਨੂੰ ਕਹਿਣ-ਲਿਖਣ, ਪੂਰੀ ਤਰ੍ਹਾਂ ਕਹਿ ਨਾ ਸਕਣਾ, ਕਹਿਣ ਨੂੰ ਟਾਲ ਦੇਣਾ, ਮੁਲਤਵੀ ਕਰਨ ਦਾ ਬਿੰਬ-ਰੂਪਕ ਹੈ।

ਪਾਲੀ ਭੁਪਿੰਦਰ ਸਿੰਘ ਦੀ ਨਾਟ-ਪੁਸਤਕ 'ਦਿੱਲੀ ਰੋਡ 'ਤੇ ਇੱਕ ਹਾਦਸਾ' ਦੀ ਇਕ ਅਹਿਮ ਪਾਤਰ ਆਪਣੀ ਸਾਇਡ 'ਤੇ ਜਾਣਾ ਚਾਹੁੰਦੀ ਹੈ। ਪਰ ਉਸ ਨੂੰ ਨਹੀਂ ਪਤਾ ਕਿ ਉਸਦੀ ਸਾਈਡ ਕੋਈ ਹੋਰ ਹੁੰਦੀ ਹੈ। ਉਹ ਨਾਇਕ ਵੱਲ ਜਾਂਦੀ ਤਾਂ ਸੀ ਪਰ ਖ਼ਲਨਾਇਕ ਦੀ ਬਸਤੀ ਵਿੱਚੋਂ ਘੁੰਮ ਕੇ। ਇਹੀ ਉਸ ਦੇ ਹੋਣ ਦੀ ਸੀਮਾ ਸੀ। ਜੇ ਕਿਸੇ ਨੂੰ ਜਾਣ ਦੀ ਕਾਹਲ ਹੋਵੇ ਤਾਂ ਹਾਦਸਾ ਯਕੀਨੀ ਹੈ। ਪਰ ਅਕਸਰ ਮੌਤ ਕਿਸੇ ਹੋਰ ਦੀ ਹੁੰਦੀ ਹੈ। ਉਹ ਜੋ ਆਪਣੀ ਸਾਇਡ 'ਤੇ ਜਾ ਰਿਹਾ ਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਹਰ ਕੋਈ ਆਪਣੇ ਸਾਇਡ 'ਤੇ ਜਾਵੇ।


'ਧਨੁ ਲਿਖਾਰੀ ਨਾਨਕਾ' ਡਾ. ਸਾਹਿਬ ਸਿੰਘ ਦਾ ਇਕ ਪਾਤਰੀ ਨਾਟਕ ਹੈ। ਨਾਟਕ ਵਿਚ ਨਾਟਕਕਾਰ ਨੇ ਵੱਖ-ਵੱਖ ਵਿਸ਼ਿਆਂ ਨੂੰ ਸਮਾਜ ਦੀਆਂ ਅਜੋਕੀਆਂ ਸਥਿਤੀਆਂ/ਪ੍ਰਸਥਿਤੀਆਂ ਨਾਲ ਮੇਚ ਕੇ ਸਿਰਫ਼ ਸਾਕਾਰ ਹੀ ਨਹੀਂ ਕੀਤਾ। ਕਲਮ ਅਤੇ ਕਲਮਕਾਰ ਦੇ ਫਰਜ਼ਾਂ ਅਤੇ ਜ਼ੁੰਮੇਵਾਰੀਆਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਨਾਟਕ ਨੂੰ ਕਿਤਾਬੀ ਸ਼ਕਲ ਦੇਣ ਤੋਂ ਪਹਿਲਾਂ ਸਾਹਿਬ ਸਿੰਘ ਇਸ ਨੂੰ ਦੇਸ-ਵਿਦੇਸ ਵਿਚ ਮੰਚਣ ਕਰਕੇ ਦਰਸ਼ਕਾਂ ਦੀ ਕਚਹਿਰੀ 'ਚ ਪ੍ਰਵਾਨ ਕਰਵਾ ਚੁੱਕਿਆ ਹੈ।

ਮੋਹੀ ਅਮਰਜੀਤ ਸਿੰਘ ਦੀਆਂ ਦੋ ਨਾਟ-ਪੁਸਤਕਾਂ 'ਮਿੱਟੀ ਦਾ ਪੁਤਲਾ' ਅਤੇ 'ਨਜ਼ੀਰਾ ਬੇਗਮ' ਵਿੱਚ ਦੋ ਨਾਟਕ 'ਘਰ-ਘਰ ਇਹੋ ਅੱਗ' ਅਤੇ 'ਤਪੱਸਿਆ' ਵੀ ਸ਼ਾਮਿਲ ਹਨ। ਨਾਟਕਕਾਰ ਨੇ ਇਨ੍ਹਾਂ ਚਾਰ ਨਾਟਕਾਂ ਵਿਚ ਜ਼ਿੰਦਗੀ ਦੀ ਉੱਥਲ-ਪੁੱਥਲ, ਸੰਕਟਾਂ, ਵਰਤਮਾਨ ਹਾਲਤ ਅਤੇ ਪ੍ਰਸਥਿਤੀਆਂ ਨੂੰ ਹੂ-ਬ-ਹੂ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਜਾਬ ਵਿੱਚੋਂ ਹੋ ਰਹੇ ਬੌਧਿਕ ਅਤੇ ਵਿੱਤੀ ਨਿਕਾਸ ਪ੍ਰਤੀ ਚਿੰਤਤ ਸਤਵਿੰਦਰ


ਬੋਗੋਵਾਲੀਆ ਨੇ ਆਪਣੀ ਨਾਟ-ਪੁਸਤਕ 'ਆਰ ਕਿ ਪਾਰ' ਵਿਚ ਪੰਜਾਬੀਆਂ ਵਿਚ ਵਿਦੇਸ਼ ਜਾਣ ਦੀ ਲਾਲਸਾ ਅਤੇ, ਭੇਡ-ਚਾਲ ਦੀ ਬਾਤ ਉੱਭਰਵੇਂ ਅਤੇ ਉਘੜਵੇਂ ਰੂਪ ਵਿੱਚ ਪਾਈ ਹੈ।

ਵੈਸੇ ਤਾਂ ਇਸ ਵਰ੍ਹੇਂ ਛਪੀਆਂ ਪੰਜਾਬੀ ਨਾਟ-ਪੁਸਤਕਾਂ ਦੀ ਚਰਚਾ/ਲੇਖਾ-ਜੋਖਾ ਕਰਨਾ ਹੀ ਹੈ। ਪਰ ਕਿਸੇ ਨਾਟਕਕਾਰ ਦੇ ਨਾਟਕਾਂ ਦਾ ਹਿੰਦੀ ਵਿਚ ਉੱਲਥਾ ਆਪਣੇ-ਆਪ ਵਿਚ ਜ਼ਿਕਰਯੋਗ ਅਤੇ ਤਸੱਲੀ ਦੇਣ ਵਾਲਾ ਵਰਤਾਰਾ ਹੈ। ਲੋਕ-ਮਸਲੇ ਅਤੇ ਲੋਕ-ਮੁਹਾਵਰਿਆਂ ਨੂੰ ਆਪਣੇ ਨਾਟਕਾਂ ਵਿਚ ਉਭਾਰਨ ਵਾਲੇ ਵਾਲੇ ਬੇਬਾਕ, ਦਲੇਰ ਤੇ ਰੰਗਮੰਚ ਨੂੰ ਸਮਰਪਿਤ ਨਾਟ-ਕਰਮੀ ਅਜਮੇਰ ਔਲਖ ਦੇ ਪ੍ਰਤੀਨਿਧ ਨਾਟਕਾਂ ਦਾ, ਹਿੰਦੀ ਵਿਚ ਅਨੁਵਾਦ ਡਾ. ਕਿਰਣ ਬਾਂਸਲ ਦੁਆਰਾ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਅਨੁਵਾਦਤ ਨਾਟ-ਪੁਸਤਕ ਵੀ ਛਪੀ ਹੈ। ਜਿਸਦਾ ਸੰਪਾਦਨ ਚਿੰਤਕ ਅਤੇ ਅਲੋਚਕ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ ਹੈ। ਇਸ ਨਾਟ-ਪੁਸਤਕ ਵਿਚ ਔਲਖ ਸਾਹਿਬ ਦੇ ਪੰਜਾਬੀਆਂ ਦੀ ਮਾਨਸਿਕਤਾ, ਪੰਜਾਬ ਦੀ ਮਿੱਟੀ, ਪੰਜਾਬ ਦੇ ਖੇਤਾ ਅਤੇ ਖੇਤਾਂ ਵਿੱਚ ਖੇਤੀ ਕਰਨ ਵਾਲਿਆਂ ਦੀ ਬਾਤ ਪਾਉਂਦੇ ਪੰਜ ਨਾਟਕ 'ਬੇਗਾਨੇ ਬੋਹੜ ਦੀ ਛਾਂ', 'ਇਕ ਰਮਾਇਣ ਹੋਰ', 'ਜਦ ਬੋਹਲ ਰੋਂਦਾ ਹੈ...', 'ਸੱਤ ਬੇਗਾਨੇ' ਅਤੇ 'ਝਨਾ ਦੇ ਪਾਣੀ' ਨੂੰ ਸ਼ਾਮਿਲ ਕੀਤਾ ਹੈ।


ਇਹ ਸਿਰਫ਼ ਇਸ ਸਾਲ ਛਪਣ ਵਾਲੀਆਂ ਨਾਟ-ਪੁਸਤਕਾਂ ਦੀ ਜਾਣ-ਪਹਿਚਾਣ ਕਰਵਾਉਂਣ ਦਾ ਮੇਰਾ ਯਤਨ ਹੈ। ਇਨ੍ਹਾਂ ਨਾਟਕਾਂ ਦੀਆਂ ਕਿਤਾਬਾ ਬਾਰੇ ਅਲੋਚਨਾਤਮਕ ਨਜ਼ਰੀਏ ਤੋਂ ਅਧਿਐਨ ਕਦੇ ਫੇਰ, ਕਿਸੇ ਹੋਰ ਲੇਖ ਵਿੱਚ ਕਰਾਂਗੇ।



ਹਾਊਸ ਆਫ ਲਿਟਰੇਚਰ
ਪੰਜਾਬੀ ਭਵਨ ਲੁਧਿਆਣਾ
ਕੀਮਤ:-200 ਰੁਪਏ




ਹਾਊਸ ਆਫ ਲਿਟਰੇਚਰ
ਪੰਜਾਬੀ ਭਵਨ ਲੁਧਿਆਣਾ
ਕੀਮਤ:-200 ਰੁਪਏ




ਸਪਤਰਿਸ਼ੀ ਪਬਲੀਕੇਸ਼ਨ
ਕੀਮਤ:-300
ਸਫ਼ੇ: 218